Washington State Parks

# ਅਕਸਰ ਪੁੱਛੇ ਜਾਣ ਵਾਲੇ ਸਵਾਲ

**ਕਿਹੜੇ ਪਾਰਕ, ਮਨੋਰੰਜਕ ਸਥਾਨ ਖੁੱਲ੍ਹੇ ਹਨ?**
4 ਜੂਨ ਤਾਈਂ, ਜ਼ਿਆਦਾਤਰ ਰਾਜ-ਪ੍ਰਬੰਧਿਤ ਜਨਤਕ ਸਥਾਨ **ਰੋਜ਼ਾਨਾ ਵਰਤੋਂ** ਲਈ ਖੁੱਲ੍ਹ ਗਏ ਹਨ।

ਉਹਨਾਂ ਕਈ ਕਾਉਂਟੀਆਂ ਵਿੱਚ **ਕੈਂਪਿੰਗ** ਮੁੜ-ਸ਼ੁਰੂ ਹੋ ਰਹੀ ਹੈ ਜਿਹੜੇ ਗਵਰਨਰ Jay Inslee ਦੀ ਸੁਰੱਖਿਅਤ ਸ਼ੁਰੂਆਤ ਯੋਜਨਾ ਦੇ ਪੜਾਅ 2 'ਤੇ ਪਹੁੰਚ ਗਈਆਂ ਹਨ।

ਪੜਾਅ 2 ਵਾਲੀਆਂ ਕਾਉਂਟੀਆਂ ਦੇ ਸਟੇਟ ਪਾਰਕਾਂ ਵਿੱਚ ਰਾਜ-ਪ੍ਰਬੰਧਿਤ ਬੋਟ ਲਾਂਚ ਅਤੇ ਮਰੀਨਾ ਵੀ ਖੁੱਲ੍ਹੇ ਹਨ।

ਕੈਂਪਗ੍ਰਾਉਂਡਾਂ, ਪਾਰਕਾਂ ਅਤੇ ਹੋਰਨਾਂ ਰਾਜ-ਪ੍ਰਬੰਧਿਤ ਮਨ ਪਰਚਾਵੇ ਦੀਆਂ ਜਗ੍ਹਾਵਾਂ ਲਈ, ਇੱਥੇ ਜਾਓ:

- Washington State Parks — ਪਾਰਕਾਂ ਦੀ ਸਥਿਤੀ
- Washington Department of Fish and Wildlife — ਬੰਦ ਜਗ੍ਹਾਵਾਂ ਅਤੇ ਪਾਬੰਦੀਆਂ ਦੀ ਸੂਚੀ
- Washington State Department of Natural Resources — ਮਨੋਰੰਜਕ ਸ਼ੁਰੂਆਤਾਂ

**ਨੋਟ**: ਹੋ ਸਕਦਾ ਹੈ ਕਿ ਪੜਾਅ 2 ਵਾਲੀਆਂ ਕਾਉਂਟੀਆਂ ਵਿੱਚ ਕੁਝ ਪਾਰਕ ਤੁਰੰਤ ਕੈਂਪਿੰਗ ਲਈ **ਨਾ ਖੁੱਲ੍ਹੇ ਹੋਣ**, ਜੋ ਕਿ ਕਾਉਂਟੀ ਦੇਦੇ ਅਧਿਕਾਰੀਆਂ ਦੇ ਨਿਰਦੇਸ਼ਾਂ ਦੇ ਅਧਾਰ 'ਤੇ ਹੋ ਸਕਦਾ ਹੈ। Washington State Parks ਕੈਂਪਿੰਗ ਨੂੰ ਮੁੜ-ਖੋਲ੍ਹਣ ਲਈ ਸਰਬੋਤਮ ਪਹੁੰਚ ਖੋਜਣ ਲਈ ਇਹਨਾਂ ਭਾਈਚਾਰਿਆਂ ਦਾ ਸਮਰਥਨ ਕਰਨਾ ਅਤੇ ਕੰਮ ਕਰਨਾ ਜਾਰੀ ਰੱਖਦਾ ਹੈ।

**ਕੀ ਮੈਨੂੰ Discover Pass ਦੀ ਲੋੜ ਹੈ?**
ਹਾਂ। Discover Pass ਦੀ ਲੋੜ ਤੁਹਾਡੇ ਵਾਹਨ ਨੂੰ Washington State Parks ਅਤੇ Department of Natural Resources (DNR) ਵੱਲੋਂ ਪ੍ਰਬੰਧਿਤ ਰਾਜ ਮਨੋਰੰਜਕ ਜਗ੍ਹਾਵਾਂ ਅਤੇ ਵਾਟਰ-ਐਕਸੈਸ ਸਾਈਟਾਂ ਵਿਖੇ ਪਾਰਕ ਕਰਨ ਲਈ ਹੁੰਦੀ ਹੈ। ਇਹਨਾਂ ਜਗ੍ਹਾਵਾਂ ਵਿੱਚ ਸਟੇਟ ਪਾਰਕ, ਵਾਟਰ-ਐਕਸੈਸ ਪੁਆਇੰਟ, ਵਿਰਾਸਤ ਸਥਲ, ਵਾਈਲਡਲਾਈਫ ਅਤੇ ਕੁਦਰਤੀ ਖੇਤਰ, DNR ਕੈਂਪਗ੍ਰਾਉਂਡ, ਟ੍ਰੇਲ ਅਤੇ ਟ੍ਰੇਲਹੈੱਡ ਅਤੇ ਸਾਰੇ DNR-ਪ੍ਰਬੰਧਿਤ ਅਪਲੈਂਡ ਸ਼ਾਮਲ ਹਨ। Discover Pass ਦੀ ਲੋੜ ਸਟੇਟ ਪਾਰਕਾਂ ਵਿੱਚ ਰੋਜ਼ਾਨਾ ਦਿਨ ਦੇ ਸਮੇਂ ਦੇ ਦੌਰਿਆਂ ਲਈ ਹੀ ਹੁੰਦੀ ਹੈ।

Discover Pass ਦੀ ਲੋੜ Washington Department of Fish and Wildlife (WDFW) ਵੱਲੋਂ ਪ੍ਰਬੰਧਿਤ ਸਥਾਨਾਂ 'ਤੇ ਵੀ ਹੁੰਦੀ ਹੈ। ਇਸ ਵਿੱਚ ਵਾਟਰ-ਐਕਸੈਸ ਅਤੇ ਵਾਈਲਡਲਾਈਫ ਖੇਤਰ ਸ਼ਾਮਲ ਹਨ, ਜੇਕਰ ਤੁਹਾਡੇ ਕੋਲ ਪਹਿਲਾਂ ਤੋਂ ਹੀ ਯੋਗ ਸ਼ਿਕਾਰ ਜਾਂ ਫਿਸ਼ਿੰਗ ਦੇ ਲਾਈਸੈਂਸ ਦੀ ਖਰੀਦ ਦੇ ਨਾਲ ਜਾਰੀ ਕੀਤਾ Vehicle Access Pass ਨਹੀਂ ਹੈ।

**ਕੀ ਮੈਨੂੰ ਰਾਜ ਦੀਆਂ ਜਗ੍ਹਾਵਾਂ ਦੇ ਬੰਦ ਰਹਿਣ ਦੇ ਸਮੇਂ ਲਈ ਮੇਰੇ Discover Pass ਦੀ ਸਮਾਂ ਮਿਆਦ ਵਿੱਚ ਵਾਧਾ ਜਾਂ ਰੀਫੰਡ ਮਿਲ ਸਕਦਾ ਹੈ?**
ਅਸੀਂ Discover Passes 'ਤੇ ਰੀਫੰਡ ਜਾਂ ਸਮਾਂ ਮਿਆਦ ਵਿੱਚ ਵਾਧਾ ਨਹੀਂ ਕਰ ਰਹੇ ਹਾਂ।

ਸਲਾਨਾ Discover Pass ਦਾ ਖਰਚਾ ਹੈ $30. ਦਿਨ ਦੇ ਪਾਸ ਦਾ ਰੇਟ ਹੈ $10, ਇਸ ਲਈ ਸਿਰਫ ਤਿੰਨ ਫੇਰੀਆਂ ਵਿੱਚ ਸਲਾਨਾ ਪਾਸ ਦੀ ਕੀਮਤ ਵਸੂਲ ਹੋ ਜਾਂਦੀ ਹੈ।

12 ਮਹੀਨਿਆਂ ਨਾਲ ਤਕਸੀਮ ਕਰਨ 'ਤੇ, ਮਹੀਨੇ ਦਾ ਖਰਚ ਹੋਇਆ $2.50. ਸਟੇਟ ਦੀਆਂ ਜਗ੍ਹਾਵਾਂ 23 ਮਾਰਚ ਤੋਂ ਲੈ ਕੇ 5 ਮਈ ਤੱਕ ਬੰਦ ਸਨ, ਜੋ ਕਿ ਸਿਰਫ ਪੰਜ ਹਫ਼ਤੇ ਤੋਂ ਉੱਪਰ ਹੈ।

ਸਟੇਟ ਦੇ ਪਾਰਕਾਂ ਨੂੰ ਆਖਰੀ ਵੱਡੀ ਮੰਦੀ ਵਿੱਚ ਕਟੌਤੀ ਦੇ ਨਾਲ-ਨਾਲ ਇਸ ਬਸੰਤ ਵਿਚ ਭਾਰੀ ਮਾਲੀ ਨੁਕਸਾਨ ਹੋਇਆ ਹੈ।

ਹਾਲਾਂਕਿ, ਅਸੀਂ ਤੁਹਾਨੂੰ ਅਪੀਲ ਕਰਦੇ ਹਾਂ ਕਿ ਆਪਣੇ ਪਾਸ ਤੋਂ ਇਹਨਾਂ ਗਰਮੀਆਂ ਅਤੇ ਬਾਅਦ ਵਿੱਚ ਸੰਭਵ ਸਭ ਤੋਂ ਵੱਧ ਮੁੱਲ ਪਾਉਣ ਲਈ ਵਾਸ਼ਿੰਗਟਨ ਸਟੇਟ ਪਾਰਕਾਂ ਅਤੇ ਰਾਜ ਦੀਆਂ ਜ਼ਮੀਨਾਂ ਦਾ ਆਨੰਦ ਮਾਣੋ।

**ਕੀ ਖੇਡ ਦੇ ਮੈਦਾਨ ਖੁੱਲ੍ਹੇ ਹਨ?**
ਕੋਵਿਡ-19 ਦੇ ਫੈਲਾਅ ਨੂੰ ਘਟਾਉਣ ਲਈ ਅਗਲੀ ਸੂਚਨਾ ਆਉਣ ਤੱਕ ਸਟੇਟ ਪਾਰਕ ਦੇ ਖੇਡ ਦੇ ਮੈਦਾਨ ਬੰਦ ਹਨ।

**ਕੀ ਬਾਥਰੂਮ ਖੁੱਲ੍ਹੇ ਰਹਿਣਗੇ?**
ਹਾਂ। ਜਿਹੜੇ ਪਾਰਕ ਖੁੱਲੇ ਹਨ, ਬਾਥਰੂਮ ਦਿਨ ਦੀ ਵਰਤੋਂ ਵਾਲੇ ਖੇਤਰਾਂ ਅਤੇ ਉਹਨਾਂ ਖੇਤਰਾਂ ਵਿਚ ਉਪਲਬਧ ਹੋਣਗੇ ਜਿੱਥੇ ਕੈਂਪਗ੍ਰਾਉਂਡ ਖੁੱਲ੍ਹੇ ਹਨ। ਕੁਝ ਟਿਕਾਣਿਆਂ ਅਤੇ ਬੰਦ ਕੈਂਪਗ੍ਰਾਉਂਡਾਂ ਵਿੱਚ ਬਾਥਰੂਮ ਬੰਦ ਹੋ ਸਕਦੇ ਹਨ।

ਤਿਆਰ ਰਹੋ। ਕਿਰਪਾ ਕਰਕੇ ਆਪਣੇ ਖੁਦ ਦੇ ਨਿੱਜੀ ਸੁਰੱਖਿਆਤਮਕ ਉਪਕਰਣ, ਪਾਣੀ, ਸਾਬਣ, ਹੈਂਡ ਸੈਨੀਟਾਈਜ਼ਰ ਅਤੇ ਟਾਇਲਟ ਪੇਪਰ ਲਿਆਓ, ਅਤੇ ਜੋ ਵੀ ਤੁਸੀਂ ਆਪਣੇ ਨਾਲ ਲਿਆਉਂਦੇ ਹੋ, ਉਸ ਨੂੰ ਆਪਣੇ ਕੋਲ ਹੀ ਪੈਕ ਕਰਕੇ ਰੱਖੋ।

ਪਾਰਕ ਦਫਤਰ ਅਜੇ ਵੀ ਲੋਕਾਂ ਲਈ ਬੰਦ ਹਨ, ਅਤੇ ਦਰਸ਼ਕ ਕੇਂਦਰ ਅਤੇ ਪਾਰਕ ਦੀਆਂ ਇਮਾਰਤਾਂ ਵੀ ਲੋਕਾਂ ਲਈ ਬੰਦ ਹਨ।

**ਕੀ ਬੰਦਰਗਾਹਾਂ, ਕਿਸ਼ਤੀ ਘਾਟ ਅਤੇ ਮਰੀਨ ਪਾਰਕ ਸਹੂਲਤਾਂ ਖੁੱਲ੍ਹੀਆਂ ਹਨ?**
ਬੰਦਰਗਾਹ ਦੀ ਵਰਤੋਂ ਦੀ ਇਜਾਜ਼ਤ ਹੈ, ਅਤੇ ਖੁੱਲ੍ਹੇ ਹੋਏ ਪਾਰਕਾਂ ਵਿੱਚ ਕਿਸ਼ਤੀ ਘਾਟ ਉਪਲਬਧ ਹੈ। ਡੌਕ ਦੀ ਵਰਤੋਂ ਕਰਨ ਵਾਲੇ ਲੋਕਾਂ ਨੂੰ ਉਨ੍ਹਾਂ ਲੋਕਾਂ ਨਾਲ ਸਰੀਰਕ ਦੂਰੀਆਂ ਦਾ ਅਭਿਆਸ ਕਰਨਾ ਚਾਹੀਦਾ ਹੈ ਜਿਹੜੇ ਉਨ੍ਹਾਂ ਦੇ ਪਰਿਵਾਰ ਦਾ ਹਿੱਸਾ ਨਹੀਂ ਹਨ।

ਮਰੀਨ ਸਟੇਟ ਪਾਰਕ ਦੇ ਬਾਥਰੂਮ ਸੀਮਿਤ ਅਧਾਰ 'ਤੇ ਖੁੱਲ੍ਹੇ ਰਹਿਣਗੇ। ਕਿਰਪਾ ਕਰਕੇ ਆਪਣੇ ਕੂੜੇ-ਕਰਕਟ ਨੂੰ ਇਕੱਠਾ ਕਰੋ, ਅਤੇ ਟਾਪੂਆਂ 'ਤੇ ਪੀਣਯੋਗ ਪਾਣੀ ਮਿਲਣ ਦੀ ਆਸ ਨਾ ਰੱਖੋ।

**ਕੀ ਐਂਕਰਿੰਗ ਨਿਗਰਾਨੀ ਹੇਠ ਜਾਂ ਨਿਯਮਬੱਧ ਹੋਵੇਗੀ? ਅਤੇ ਛੋਟੀਆਂ ਕਿਸ਼ਤੀਆਂ ਦੇ ਬੀਚ ਲੈਂਡਿੰਗ ਖੇਤਰ?**
ਐਂਕਰਿੰਗ ਕੋਵਿਡ-19 ਦੀਆਂ ਪਾਬੰਦੀਆਂ ਤੋਂ ਪਹਿਲਾਂ ਵਾਂਗ ਨਿਗਰਾਨੀ ਹੇਠ ਅਤੇ ਨਿਯਮਬੱਧ ਹੋਵੇਗੀ। ਕੋਈ ਖਾਸ ਨਿਯਮ ਲਾਗੂ ਨਹੀਂ ਹਨ।

**ਕੀ ਪੰਪਆਉਟ ਖੁੱਲ੍ਹੇ ਹਨ ਅਤੇ ਕੰਮ ਕਰ ਰਹੇ ਹਨ?**
ਸਟੇਟ ਪਾਰਕ ਵਿੱਚ ਸਥਿਤ ਕੁਛ ਕੁ ਪੰਪਆਉਟ ਖੁੱਲ੍ਹੇ ਹਨ।

ਵਾਸ਼ਿੰਗਟਨ ਵਿੱਚ ਜ਼ਿਆਦਾਤਰ ਪੰਪਆਉਟ ਪਬਲਿਕ ਜਾਂ ਪ੍ਰਾਈਵੇਟ ਮਰੀਨਾਂ ਵਿੱਚ ਸਥਿਤ ਹਨ। ਕਿਸ਼ਤੀ ਸਵਾਰਾਂ ਨੂੰ ਇਹ ਪਤਾ ਕਰਨ ਲਈ ਮਰੀਨਾ ਨੂੰ ਪੁੱਛਣਾ ਚਾਹੀਦਾ ਹੈ ਕਿ ਕੀ ਉਹ ਖੁੱਲ੍ਹੇ ਹਨ ਅਤੇ ਕੰਮ ਕਰ ਰਹੇ ਹਨ। ਵਾਸ਼ਿੰਗਟਨ ਦੇ ਪੰਪਆਉਟ ਟਿਕਾਣਿਆਂ ਲਈ, : parks.state.wa.us/657/Pumpout 'ਤੇ ਜਾਓ

**ਜੇਕਰ ਕੋਈ ਪਾਰਕ ਸਿਰਫ ਦਿਨ ਦੇ ਸਮੇਂ ਲਈ ਖੁੱਲ੍ਹਾ ਹੈ, ਤਾਂ ਪਾਰਕ ਦੇ ਬੰਦ ਹੋਣ ਦਾ ਸਮਾਂ ਕੀ ਹੈ?**
ਦਿਨ ਦੀ ਵਰਤੋਂ ਵਾਲੇ ਪਾਰਕ ਸ਼ਾਮ ਨੂੰ ਬੰਦ ਹੁੰਦੇ ਹਨ।

**ਕੀ ਮੈਨੂੰ ਮੇਰੇ ਕੈਂਪਿੰਗ ਜਾਂ ਓਵਰਨਾਈਟ ਅਕਾਮਡੇਸ਼ਨ ਦੀ ਰਿਜ਼ਰਵੇਸ਼ਨ ਲਈ ਪੂਰਾ ਰੀਫੰਡ ਮਿਲੇਗਾ?**
ਇਹ ਨਿਰਭਰ ਕਰਦਾ ਹੈ...

- **ਬੰਦ ਹੋਣ ਨਾਲ ਪ੍ਰਭਾਵਿਤ ਹੋਏ ਓਵਰਨਾਈਟ ਵਿਜ਼ਿਟਰ:** ਅਸੀਂ ਬੰਦ ਹੋਣ ਨਾਲ ਪ੍ਰਭਾਵਿਤ ਹੋਏ ਰਿਜ਼ਰਵੇਸ਼ਨ ਵਾਲੇ ਓਵਰਨਾਈਟ ਵਿਜ਼ਿਟਰਾਂ ਨੂੰ ਪੂਰਾ ਰੀਫੰਡ ਦੇਣ ਲਈ ਉਹਨਾਂ ਨਾਲ ਸੰਪਰਕ ਕਰ ਰਹੇ ਹਾਂ।

- **ਖੁੱਲ੍ਹੇ ਕੈਂਪਿੰਗ ਪਾਰਕਾਂ ਵਾਲੇ ਵਿਜ਼ਿਟਰਾਂ ਨੂੰ** ਪੂਰੀ ਰਾਤ ਠਹਿਰਣ ਵਾਸਤੇ ਪੂਰਾ ਰੀਫੰਡ ਮਿਲ ਸਕਦਾ ਹੈ, ਦੋ ਗੈਰ-ਵਾਪਸੀਯੋਗ ਟ੍ਰਾਂਜੈਕਸ਼ਨ ਫੀਸ ਤੋਂ ਘੱਟ ($8 ਤੋਂ $10 ਰਿਜ਼ਰਵੇਸ਼ਨ ਫੀਸ ਅਤੇ $8 ਤੋਂ 10 ਰੱਦ ਕਰਨ ਦੀ ਫੀਸ)। ਔਨਲਾਈਨ ਰਿਜ਼ਰਵੇਸ਼ਨ ਕਰਨ ਦੀ ਫੀਸ ਹੈ $8 ਅਤੇ ਫੋਨ ਰਾਹੀਂ ਕਰਨ ਦੀ ਫੀਸ ਹੈ $10.

ਜੇਕਰ ਤੁਹਾਡੇ ਤੁਹਾਡੀ ਮੌਜੂਦਾ ਕੈਂਪਿੰਗ ਰਿਜ਼ਰਵੇਸ਼ਨ ਨੂੰ ਲੈ ਕੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ (888) CAMPOUT ਜਾਂ (888) 226-7688 'ਤੇ ਕਾਲ ਕਰੋ।

## ਤਾਂ ਕੀ ਹੋਵੇਗਾ ਜੇਕਰ ਮੇਰੀ ਇਸ ਸਮੇਂ ਬੰਦ ਪਾਰਕ ਵਿੱਚ ਕੈਂਪਿੰਗ ਵਾਸਤੇ ਰਿਜ਼ਰਵੇਸ਼ਨ ਹੈ? ਜੇਕਰ ਮੇਰੀ ਰਿਜ਼ਰਵੇਸ਼ਨ ਨੂੰ ਰੱਦ ਕੀਤਾ ਜਾਂਦਾ ਹੈ ਤਾਂ ਮੈਨੂੰ ਕਦੋਂ ਪਤਾ ਚੱਲੇਗਾ?

ਇਸ ਬਦਲ ਰਹੀ ਸਥਿਤੀ ਦੇ ਨਾਲ ਨਜਿੱਠਦੇ ਹੋਏ ਸਬਰ ਬਣਾਏ ਰੱਖਣ ਲਈ ਅਸੀਂ ਤੁਹਾਡਾ ਧੰਨਵਾਦ ਕਰਦੇ ਹਾਂ। ਸਾਨੂੰ ਪਤਾ ਹੈ ਕਿ ਤੁਹਾਡੀਆਂ ਛੁੱਟੀਆਂ ਦੇ ਪਲਾਨ ਮਹੱਤਵਪੂਰਨ ਹਨ, ਅਤੇ ਅਸੀਂ ਆਸ ਕਰਦੇ ਹਾਂ ਕਿ ਤੁਸੀਂ ਇਹਨਾਂ ਗਰਮੀਆਂ ਵਿੱਚ ਆਪਣੇ ਮਨਪਸੰਦ ਵਾਸ਼ਿੰਗਟਨ ਸਟੇਟ ਪਾਰਕ ਵਿੱਚ ਕੈਂਪਿੰਗ ਕਰ ਪਾਓਗੇ।

ਇਸ ਕਾਰਨ ਕਰਕੇ, ਅਸੀਂ ਰਿਜ਼ਰਵੇਸ਼ਨਾਂ ਨੂੰ ਰੱਦ ਕਰਨ ਤੋਂ ਝਿਜਕਦੇ ਹਾਂ ਜਦੋਂ ਤੱਕ ਸਾਨੂੰ ਲਗਭਗ ਪੱਕਾ ਨਹੀਂ ਪਤਾ ਹੁੰਦਾ ਕਿ ਜਿਸ ਤਰੀਕ ਲਈ ਤੁਸੀਂ ਬੁਕਿੰਗ ਕੀਤੀ ਹੈ, ਉਸ ਤਰੀਕ ਨੂੰ ਉਹ ਪਾਰਕ ਕੈਂਪਿੰਗ ਲਈ ਦੁਬਾਰਾ ਖੁੱਲ੍ਹੇਗਾ ਜਾਂ ਨਹੀਂ। ਇਸ ਲਈ, ਹੋ ਸਕਦਾ ਹੈ ਕਿ ਤੁਸੀਂ ਆਪਣੀ ਪਲਾਨ ਕੀਤੀ ਛੁੱਟੀ ਦੇ ਕੁਝ ਦਿਨ ਪਹਿਲਾਂ ਹੀ ਸਾਡੇ ਵੱਲੋਂ ਜਾਣਕਾਰੀ ਪਾਓ।

ਜੇਕਰ ਅਸੀਂ ਅਜਿਹੇ ਪਾਰਕ ਲਈ ਰਿਜ਼ਰਵੇਸ਼ਨਾਂ ਰੱਦ ਕਰਨਾ ਚਾਹੁੰਦੇ ਹਾਂ ਜੋ ਕੈਂਪਿੰਗ ਲਈ ਬੰਦ ਰਿਹਾ ਹੈ, ਤਾਂ ਅਸੀਂ ਤੁਹਾਨੂੰ ਈਮੇਲ ਰਾਹੀਂ ਸੰਪਰਕ ਕਰਾਂਗੇ, ਅਤੇ ਤੁਹਾਨੂੰ ਪੂਰਾ ਰੀਫੰਡ ਮਿਲੇਗਾ।

ਆਪਣੀ ਰਿਜ਼ਰਵੇਸ਼ਨ ਬਾਰੇ ਖਾਸ ਸਵਾਲਾਂ ਲਈ, ਕਿਰਪਾ ਕਰਕੇ ਸਾਡੀ ਰਿਜ਼ਰਵੇਸ਼ਨ ਟੀਮ ਦੇ ਨਾਲ 888-CAMPOUT (888-226-7688) 'ਤੇ ਸੰਪਰਕ ਕਰੋ।

## ਜੇਕਰ ਭੀੜ-ਭੜੱਕੇ ਨੂੰ ਲੈ ਕੇ ਸਮੱਸਿਆਵਾਂ ਹਨ, ਤਾਂ ਕੀ ਸਟੇਟ ਦੀਆਂ ਜਗ੍ਹਾਵਾਂ ਬੰਦ ਰਹਿਣਗੀਆਂ?

ਜਿਵੇਂ-ਜਿਵੇਂ ਜਗ੍ਹਾਵਾਂ ਖੁੱਲ੍ਹ ਰਹੀਆਂ ਹਨ, ਅਸੀਂ ਲੋਕਾਂ ਨੂੰ ਸਮਾਜਿਕ ਦੂਰੀ ਬਣਾਏ ਰੱਖਣਾ ਜਾਰੀ ਰੱਖਣ ਲਈ ਕਹਿ ਰਹੇ ਹਾਂ। ਜੇਕਰ ਸਾਨੂੰ ਲੱਗੇ ਕਿ ਵੱਡੇ ਸਮੂਹ ਇਕੱਠੇ ਹੋ ਰਹੇ ਹਨ ਜਾਂ ਲੋਕ ਸਮਾਜਕ ਦੂਰੀ ਬਣਾ ਕੇ ਨਹੀਂ ਰੱਖ ਰਹੇ, ਤਾਂ ਸਾਨੂੰ ਪਾਰਕਾਂ ਜਾਂ ਪਾਰਕਾਂ ਦੇ ਅੰਦਰ ਵਾਲੇ ਖੇਤਰਾਂ ਨੂੰ ਬੰਦ ਕਰਨਾ ਪੈ ਸਕਦਾ ਹੈ।

ਜੇਕਰ ਕੋਵਿਡ-19 ਨਾਲ ਸੰਬੰਧਤ ਸੁਰੱਖਿਆ ਚਿੰਤਾਵਾਂ ਵਿਕਸਤ ਹੁੰਦੀਆਂ ਹਨ, ਤਾਂ Washington Departments of Fish and Wildlife (WDFW) ਅਤੇ Natural Resources (DNR) ਅਤੇ ਸਟੇਟ ਪਾਰਕਾਂ ਵੱਲੋਂ ਜਨਤਕ ਸਿਹਤ ਅਤੇ ਸਲਾਮਤੀ ਦੀ ਰੱਖਿਆ ਲਈ ਸੀਮਤ ਨੋਟਿਸ 'ਤੇ ਖੇਤਰਾਂ ਨੂੰ ਬੰਦ ਕੀਤਾ ਜਾ ਸਕਦਾ ਹੈ।

## ਮੈਂ WDFW ਨੂੰ ਵਾਈਲਡਲਾਈਫ ਖੇਤਰਾਂ ਦੇ ਭੀੜ-ਭੜੱਕੇ, ਕੂੜੇ ਸੰਬੰਧੀ ਜਾਂ ਹੋਰਨਾਂ ਸਮੱਸਿਆਵਾਂ ਨੂੰ ਕਿਵੇਂ ਰਿਪੋਰਟ ਕਰ ਸਕਦਾ/ਸਕਦੀ ਹਾਂ?

ਲੋਕ Washington Department of Fish and Wildlife ਦੀ ਵੈੱਬਸਾਈਟ 'ਤੇ ਸਮੱਸਿਆਵਾਂ ਦੀ ਰਿਪੋਰਟ ਕਰ ਸਕਦੇ ਹਨ।

## ਕੀ ਮੈਂ ਹਾਲੇ ਵੀ ਆਪਣੇ ਸਥਾਨਕ ਸਟੇਟ ਪਾਰਕ ਨੂੰ ਸਾਫ ਕਰਨ ਅਤੇ ਮੈਨਟੇਨ ਕਰਨ ਵਿੱਚ ਮਦਦ ਕਰਨ ਲਈ ਸਵੈ-ਸੇਵਾ ਕਰ ਸਕਦਾ/ਸਕਦੀ ਹਾਂ?

ਇਸ ਸਮੇਂ ਨਹੀਂ। ਅਸੀਂ ਆਪਣੇ ਸਵੈ-ਸੇਵੀਆਂ ਅਤੇ ਉਹਨਾਂ ਦੀ ਘੰਟਿਆਂ ਦੀ ਸਖ਼ਤ ਮਿਹਨਤ ਦੀ ਸ਼ਲਾਘਾ ਕਰਦੇ ਹਾਂ। ਹਾਲਾਂਕਿ, ਅਗਲੇ ਨੋਟਿਸ ਤੱਕ ਕੋਈ ਵੀ ਸਵੈ-ਸੇਵੀ ਗਤੀਵਿਧੀਆਂ ਨਹੀਂ ਹੋਣਗੀਆਂ। ਸਟੇਟ ਪਾਰਕ (State Parks) ਕੈਂਪ ਹੋਸਟ ਅਤੇ ਹੋਰਨਾਂ volunteer programs (ਵਲੰਟੀਅਰ ਪ੍ਰੋਗਰਾਮਾਂ) ਨੂੰ ਇਹਨਾਂ ਗਰਮੀਆਂ ਦੇ ਬਾਅਦ ਵਿੱਚ ਮੁੜ ਚਾਲੂ ਕਰਨ ਲਈ ਕੰਮ ਕਰ ਰਿਹਾ ਹੈ। ਅਪਡੇਟਾਂ ਲਈ ਵੇਖੋ ਜਾਂ ਈਮੇਲ ਜਾਂ (360) 902-8583 'ਤੇ ਕਾਲ ਕਰਕੇ Volunteer Program ਨਾਲ ਸੰਪਰਕ ਕਰੋ।

**ਕੈਬਿਨ ਅਤੇ ਯਰਟ ਕਦੋਂ ਖੁੱਲ੍ਹਣਗੇ?**
30 ਜੂਨ ਤੱਕ ਨਵੀਆਂ ਰਿਜ਼ਰਵੇਸ਼ਨਾਂ ਤੱਕ ਕੈਬਿਨ, ਯਰਟ ਅਤੇ ਰਸਟਿਕ ਸ਼ੈਲਟਰ ਬੰਦ ਰਹਿਣਗੇ। ਜੂਨ ਵਿੱਚ ਖੁੱਲ੍ਹ ਸਕਣ ਵਾਲੇ ਕੈਬਿਨਾਂ ਲਈ, ਮੌਜੂਦਾ ਰਿਜ਼ਰਵੇਸ਼ਨਾਂ ਨੂੰ ਨਿਭਾਇਆ ਜਾਵੇਗਾ।

**ਕੀ ਗਰੁੱਪ ਕੈਂਪਗ੍ਰਾਉਂਡ ਖੁੱਲ੍ਹੇ ਹਨ?**
ਅਗਲੀ ਸੂਚਨਾ ਦਿੱਤੇ ਜਾਣ ਤੱਕ ਗਰੁੱਪ ਕੈਂਪਗ੍ਰਾਉਂਡ ਬੰਦ ਹਨ।

**ਕੀ ਛੁੱਟੀਆਂ ਵਾਲੇ ਘਰ ਖੁੱਲ੍ਹੇ ਹਨ?**
ਅਗਲੀ ਸੂਚਨਾ ਦਿੱਤੇ ਜਾਣ ਤੱਕ ਛੁੱਟੀਆਂ ਵਾਲੇ ਘਰ ਬੰਦ ਹਨ।